ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਨੰ.: 1040 ਕਾਲਜ/ਸ-5
ਮਿਤੀ 28/4/25

**ਵੈੱਬ ਪੇਜ**

ਯੂਨੀਵਰਸਿਟੀ ਨਾਲ ਸਬੰਧਿਤ
ਸਮੂਹ ਕਾਲਜਾਂ ਦੇ ਪ੍ਰਿੰਸੀਪਲ/ਡਾਇਰੈਕਟਰ/ਚੈਅਰਮੈਨ
ਸਾਹਿਬਾਨਾਂ ਨੂੰ

**ਵਿਸ਼ਾ:- ਨਸ਼ਾ ਮੁਕਤ ਭਾਰਤ ਅਭਿਆਨ ਕਮੇਟੀ (NMBA ਕਮੇਟੀ) ਬਣਾਉਣ ਸਬੰਧੀ।**

ਉਕਤ ਵਿਸ਼ੇ ਅਧੀਨ ਡੀਨ, ਕਾਲਜ ਵਿਕਾਸ ਕੌਂਸਲ ਵੱਲੋਂ ਹੋਏ ਆਦੇਸਾਂ ਅਨੁਸਾਰ ਡੀਨ, ਵਿਦਿਆਰਥੀ ਭਲਾਈ ਵੱਲੋਂ ਪ੍ਰਾਪਤ ਪੱਤਰ ਨੰ: 2539/D.S.W ਮਿਤੀ 15.04.2025 ਵੱਲੋਂ ਆਪ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

28/4/25
ਸਹਾਇਕ ਰਜਿਸਟਰਾਰ (ਕਾਲਜਾਂ)

ਨੱਥੀ ਉਕਤ ਅਨੁਸਾਰ

No 2539/D.S.W
ਮਿਤੀ 15-4-25

ਡਾਇਰੀ ਨੰ. 577
ਮਿਤੀ 16/4/25

ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961ਦੇ ਪੰਜਾਬ ਐਕਟ ਨੰ:35 ਤਹਿਤ ਸਥਾਪਤ)
ਡੀਨ,ਵਿਦਿਆਰਥੀ ਭਲਾਈ

ਭਾਰਤ ਸਰਕਾਰ ਦੇ ਉਚੇਰੀ ਸਿੱਖਿਆ ਵਿਭਾਗ ਅਤੇ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਵਿਭਾਗ ਵਲੋਂ ਜਾਰੀ ਹਦਾਇਤਾਂ ਅਨੁਸਾਰ ਨੇਬਰਹੁਡ ਕੈਂਪਸਾਂ ਅਤੇ ਯੂਨੀਵਰਸਿਟੀ ਨਾਲ ਸਬੰਧਤ ਸਾਰੇ ਕਾਲਜਾਂ ਵਿਚ ਨਸ਼ਾ ਮੁਕਤ ਭਾਰਤ ਅਭਿਆਨ ਕਮੇਟੀ (NMBA ਕਮੇਟੀ) ਬਣਾਉਣ ਦੇ ਸਬੰਧ ਵਿਚ ਕੀਤੀਆਂ ਗਈਆਂ ਸਿਫਾਰਸਾਂ :-

1. ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸਾਂ ਮੁਤਬਿਕ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਹਰੇਕ ਕਾਲਜ,ਨੇਬਰਹੁੱਡ ਕੈਂਪਸ ਅਤੇ ਕੰਸਟੀਚੂਐਂਟ ਕਾਲਜ ਵਿਚ ਨਸ਼ਾ ਮੁਕਤ ਭਾਰਤ ਅਭਿਆਨ ਕਮੇਟੀ (NMBA ਕਮੇਟੀ) ਬਣਾ ਲੈਣ। ਜਿਸ ਦੇ ਤਹਿਤ ਵਿਦਿਆਰਥਆਂ ਲਈ ਨਸ਼ਿਆਂ ਵਿਰੁੱਧ ਜਾਗਰੂਕਤਾ ਅਤੇ ਹੋਰ ਸੰਵੇਦਨਸ਼ੀਲਤਾ ਉਸਾਰੂ ਪ੍ਰੋਗਰਾਮ ਅਤੇ ਹੋਰ ਗਤੀਵਿਧੀਆਂ ਉਲੀਕੀਆਂ ਜਾ ਸਕਣ।
2. ਇਸ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ :
   1. ਮੁਖੀ/ਡਾਇਰੈਕਟਰ/ਪ੍ਰਿੰਸੀਪਲ /ਇੰਚਾਰਜ
   2. ਜਿਹੜੇ ਕਾਲਜਾਂ ਅਤੇ ਨੇਬਰਹੁਡ ਕੈਂਪਸਾਂ ਵਿਚ ਹੋਸਟਲ ਹਨ ਉਨ੍ਹਾਂ ਹਸਟਲਾਂ ਦੇ ਦੋ-ਦੋ ਵਾਰਡਨ ਅਤੇ ਜੇ ਹੋਸਟਲ ਨਹੀਂ ਹਨ ਤਾਂ ਦੋ ਫੈਕਲਟੀ ਮੈਂਬਰ ਲਗਾਏ ਜਾਣ।
   3. ਜਿਹੜੇ ਕਾਲਜਾਂ ਅਤੇ ਨੇਬਰਹੁਡ ਕੈਂਪਸਾਂ ਵਿਚ ਮਨੋਵਿਗਿਆਨ ਵਿਭਾਗ ਹੈ ਤਾਂ ਵਿਭਾਗ ਦੇ ਮੁਖੀ ਜਾਂ ਕਾਉਂਸਲਰ, ਨਹੀਂ ਹਨ ਤਾਂ ਕਿਸੇ ਸੋਸ਼ਲ ਸਾਇੰਸ ਵਿਭਾਗ ਦਾ ਮੁਖੀ ਮੈਂਬਰ ਵੱਜੋਂ ਲਗਾ ਲਿਆ ਜਾਵੇ।
   4. ਕਾਲਜਾਂ ਅਤੇ ਨੇਬਰਹੁਡ ਕੈਂਪਸਾਂ ਵਿੱਚ ਹੋਸਟਲਾਂ ਦੇ ਕੋਈ 6 Active ਵਿਦਿਆਰਥੀ ਜੋ ਨਸ਼ਿਆਂ ਵਿਰੁੱਧ ਗਤੀਵਿਧੀਆਂ ਕਰ ਸਕਣ ਇਸ ਕਮੇਟੀ ਦੀ ਬਣਤਰ ਦੀ ਰਿਪੋਰਟ ਈ ਮੇਲ nmbapup@gmail.com ਤੇ ਭੇਜਣ ਦੀ ਖੇਚਲ ਕੀਤੀ ਜਾਵੇ।
3. ਇਹ ਗਤੀਵਿਧੀਆਂ ਨੇਬਰਹੁੱਡ ਕੈਂਪਸ ਅਤੇ ਕੰਸਟੀਚੂਐਂਟ ਕਾਲਜ ਆਪਣੇ ਪੱਧਰ ਤੇ ਉਲੀਕਣਗੇ।
4. ਇਨ੍ਹਾਂ ਗਤੀਵੀਧਿਆ ਦੀ ਰਿਪੋਰਟ,ਫੋਟੋਆਂ ਅਤੇ ਹੋਰ ਵੇਰਵੇ nmbapup@gmail.com ਤੇ ਮੇਲ ਕਰਨਗੇ।
5. ਇਹ ਪ੍ਰੋਗਰਾਮ ਵਿਦਿਆਰਥੀਆਂ ਲਈ ਲਾਹੇਵੰਧ ਹੋਣਗੇ ਇਨ੍ਹਾਂ ਕਮੇਟੀਆਂ ਨਾਲ ਪੰਜਾਬੀ ਯੂਨੀਵਰਸਿਟੀ ਮੇਨ ਕੈਂਪਸ਼ ਦੀ NMBA ਕਮੇਟੀ ਨਾਲ ਇਕ ਰੂ-ਬਰੂ ਵੀ ਰੱਖੀ ਜਾਵੇਗੀ ਜਿਸ ਤਹਿਤ ਨਸ਼ਿਆਂ ਦੇ ਵਿਸ਼ੇ ਤੇ ਅਹਿਮ ਮੁੱਦੇ ਵਿਚਾਰੇ ਜਾਣਗੇ।

273/3 15/4/25

ਡੀਨ,ਵਿਦਿਆਰਥੀ ਭਲਾਈ

ਡੀਨ,ਅਕਾਦਮਿਕ ਮਾਮਲੇ
ਡੀਨ,ਕਾਲਜਿਸ
ਡਾਇਰੈਕਟਰ, ਕਾਂਸਟੀਚੂਐਂਟ ਕਾਲਜ